Punjab Government Gazette

EXTRAORDINARY

Published by Authority

CHANDIGARH, FRIDAY, MAY 1, 2026 (VAISAKHA 11, 1948 SAKA)

ਪੰਜਾਬ ਸਰਕਾਰ

ਸਥਾਨਕ ਸਰਕਾਰ ਵਿਭਾਗ ਪੰਜਾਬ, ਚੰਡੀਗੜ੍ਹ

(ਮਿਉਂਸਪਲ ਚੋਣਾਂ ਸ਼ਾਖਾ)

ਕੋਰੀਜੰਡਮ

ਮਿਤੀ 30 ਅਪ੍ਰੈਲ, 2026

ਨੰਬਰ: 04/118/ਹਲਕਾਬੰਦੀ(ਸ-1)/ਮਚਸ਼/2025/69 .- ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਲੋਂ ਸਿਵਲ ਰਿੱਟ ਪਟੀਸ਼ਨ ਨੰਬਰ 937 ਆਫ 2026 ਅਤੇ ਸਿਵਲ ਰਿੱਟ ਪਟੀਸ਼ਨ ਨੰਬਰ 6330 ਆਫ 2026 ਵਿੱਚ ਮਿਤੀ 18.03.2026 ਨੂੰ ਹੋਏ ਹੁਕਮਾਂ ਦੀ ਪਾਲਣਾ ਕਰਦੇ ਹੋਏ ਅਧਿਸੂਚਨਾ ਨੰਬਰ: 04/118/ਹਲਕਾਬੰਦੀ(ਸ-1)/ਮਚਸ਼/2025/295 ਮਿਤੀ 31-12-2025 ਰਾਹੀਂ ਨਗਰ ਨਿਗਮ, ਐਸ.ਏ.ਐਸ. ਨਗਰ ਦੇ ਵਾਰਡਾਂ ਦੀਆਂ ਹੱਦਾਂ ਦਾ ਵਰਣਨ ਦੱਸਦੀ ਹੋਈ ਜਿਹੜੀ ਅਨੁਸੂਚੀ ਜਾਰੀ ਕੀਤੀ ਗਈ ਸੀ, ਉਸ ਵਿੱਚ ਵਾਰਡ ਨੰਬਰ: 36 ਅਤੇ 37 ਦੀਆਂ ਹੱਦਾਂ ਦਾ ਵਰਨਣ ਦੱਸਦੀ ਅਨੁਸੂਚੀ ਵਿੱਚ ਹੇਠ ਲਿਖੇ ਅਨੁਸਾਰ ਸੋਧ ਕੀਤੀ ਜਾਂਦੀ ਹੈ:-

ਵਾਰਡ ਨੰਬਰ — 36

ਪੀ.ਸੀ.ਐਲ. ਚੌਂਕ ਤੋਂ ਸ਼ੁਰੂ ਕਰਦੇ ਹੋਏ ਸੈਕਟਰ 60—71 ਦੀ ਸੈਕਟਰ ਡਿਵਾਈਡਿੰਗ ਰੋਡ ਦੇ ਨਾਲ—ਨਾਲ ਚਲਦੇ ਹੋਏ ਪੀ.ਐਸ.ਪੀ.ਸੀ.ਐਲ. ਦੇ ਸਬ ਸਟੇਸ਼ਨ ਤੀਕ, ਫਿਰ ਪੀ.ਐਸ.ਪੀ.ਸੀ.ਐਲ. ਦੇ ਸਬ ਸਟੇਸ਼ਨ ਤੋਂ ਸੈਕਟਰ 70—71 ਦੀ ਸੈਕਟਰ ਡਿਵਾਇਡਿੰਗ ਰੋਡ ਨਾਲ—ਨਾਲ ਚਲਦੇ ਹੋਏ ਮਣੌਰ ਪਿੰਡ ਦੀ ਫਿਰਨੀ ਤੀਕ, ਫਿਰ ਮਣੌਰ ਪਿੰਡ ਦੀ ਫਿਰਨੀ ਤੋਂ ਗੋਪਾਲ ਮਾਸਟਰ ਵਾਲੀ ਗਲੀ ਤੋਂ ਬਾਵਾ ਸਿੰਘ ਪੰਚ ਦੇ ਘਰ ਤੀਕ, ਫਿਰ ਬਾਵਾ ਸਿੰਘ ਪੰਚ ਵਾਲੀ ਗਲੀ ਤੋਂ ਛੋਟੀ ਧਰਮਸ਼ਾਲਾ ਰਾਮਦਾਸੀਆ ਤੀਕ, ਫਿਰ ਛੋਟੀ ਧਰਮਸ਼ਾਲਾ ਰਾਮਦਾਸੀਆ ਤੋਂ ਇਕ ਜੋਤ ਪਬਲਿਕ ਸਕੂਲ ਗਲੀ ਤੋਂ ਤਰਖਾਣਾ ਦੇ ਖੂਹ ਤੀਕ, ਫਿਰ ਤਰਖਾਣਾ ਵਾਲੇ ਖੂਹ ਤੋਂ ਹਕੀਮਾਂ ਦੇ ਘਰ ਤੀਕ, ਫਿਰ ਹਕੀਮਾਂ ਦੇ ਘਰ ਤੋਂ ਬੱਬੂ ਲੰਬੜਦਾਰ ਤੀਕ, ਫਿਰ ਬੱਬੂ ਲੰਬੜਦਾਰ ਦੇ ਘਰ ਤੋਂ ਖੇੜਾ ਚੌਂਕ ਤੀਕ, ਖੇੜਾ ਚੌਂਕ ਤੋਂ ਸਰਪੰਚਾਂ ਦੀ ਧਰਮਸ਼ਾਲਾ ਤੀਕ, ਫਿਰ ਸਰਪੰਚਾਂ ਦੀ ਧਰਮਸ਼ਾਲਾ ਤੋਂ ਪਿੱਛੇ ਹੁੰਦੇ ਹੋਏ ਮੋਡਰਨ ਮਾਰਕਿਟ ਤੋਂ ਪਿੰਡ ਦੀ ਫਿਰਨੀ ਤੀਕ, ਫਿਰ ਸੈਕਟਰ 70—71 ਦੀ ਡਿਵਾਇਡਿੰਗ ਰੋਡ ਤੋਂ ਹੁੰਦੇ ਹੋਏ ਸਰਵ ਹਿਤਕਾਰੀ ਸਕੂਲ ਤੀਕ, ਫਿਰ ਸਰਵ ਹਿਤਕਾਰੀ ਸਕੂਲ ਤੋਂ ਗੁਰੂਦੁਆਰਾ ਸਿੰਘ ਸਭਾ ਵਾਲੀ ਸੜਕ ਤੇ ਚਲਦੇ ਹੋਏ ਮਕਾਨ ਨੰਬਰ 3457 ਤੀਕ, ਫਿਰ ਮਕਾਨ ਨੰਬਰ 3457 ਤੋਂ ਚਲਦੇ ਹੋਏ ਪ੍ਰਾਚੀਨ ਕਲਾ ਕੇਂਦਰ ਚੌਂਕ ਤੀਕ, ਫਿਰ ਪ੍ਰਾਚੀਨ ਕਲਾ ਕੇਂਦਰ ਚੌਂਕ ਤੋਂ ਚਲਦੇ ਹੋਏ ਅਤੇ ਇਸਨੂੰ ਵਾਰਡ ਤੋਂ ਬਾਹਰ ਰਖਦੇ ਹੋਏ ਕਾਰਗਿਲ ਪਾਰਕ ਤੀਕ, ਫਿਰ ਕਾਰਗਿਲ ਪਾਰਕ ਦੇ ਨਾਲ-ਨਾਲ ਚਲਦੇ ਹੋਏ ਐਚ.ਆਈ.ਜੀ. ਸੈਕਟਰ-71 ਨੂੰ ਵਾਰਡ ਤੋਂ ਬਾਹਰ ਰੱਖਦੇ ਹੋਏ ਮਕਾਨ ਨੰਬਰ 325 ਤੀਕ, ਫਿਰ ਮਕਾਨ ਨੰਬਰ 405 ਤੋਂ 373 ਤੀਕ, ਫਿਰ ਮਕਾਨ ਨੰਬਰ 373 ਤੋਂ 380 ਤੋਂ ਪੀ.ਸੀ.ਐਲ. ਚੌਂਕ ਤੀਕ, ਅਰਥਾਤ ਜਿੱਥੋਂ ਆਰੰਭ ਕੀਤਾ ਸੀ।

ਵਾਰਡ ਨੰਬਰ — 37 (ਇਸਤਰੀ ਮੈਂਬਰਾਂ ਲਈ ਰਾਖਵਾਂ)

ਪੀ.ਟੀ.ਐਲ. ਚੌਂਕ ਦੀਆਂ ਲਾਈਟਾਂ ਪਲਾਟ ਨੰਬਰ ਸੀ-120 ਤੋਂ ਆਰੰਭ ਕਰਦੇ ਹੋਏ ਅਤੇ ਸੈਕਟਰ-59 ਅਤੇ ਸੈਕਟਰ-72 ਦੀ ਸੈਕਟਰ ਡਿਵਾਈਡਿੰਗ ਰੋਡ ਤੇ ਚਲਦੇ ਹੋਏ ਐਚ.ਈ. 328 (ਸੈਕਟਰ-59) ਤੀਕ, ਫਿਰ ਮਕਾਨ ਨੰਬਰ ਐਚ.ਈ. 328 ਤੋਂ ਮਕਾਨ ਨੰਬਰ 1526 ਤੀਕ, ਮਕਾਨ ਨੰਬਰ 1526 ਤੋਂ ਲੈ ਕੇ ਮਕਾਨ ਨੰਬਰ 1248 ਤੀਕ, ਫਿਰ ਮਕਾਨ ਨੰਬਰ 1248 ਤੋਂ ਮਕਾਨ ਨੰਬਰ 1676 (ਸੈਕਟਰ-60) ਤੋਂ ਲੈ ਕੇ 1380 ਤੀਕ, ਫਿਰ ਮਕਾਨ ਨੰਬਰ 1380 ਤੋਂ ਲੈ ਕੇ 1402 ਤੀਕ, ਫਿਰ ਮਕਾਨ ਨੰਬਰ 1402 ਤੋਂ ਲੈ ਕੇ 1528 ਤੀਕ, ਫਿਰ ਮਕਾਨ ਨੰਬਰ 1528 ਤੋਂ ਸੈਕਟਰ ਡਿਵਾਈਡਿੰਗ ਰੋਡ 71—72 ਤੇ ਚਲਦੇ ਹੋਏ ਮਕਾਨ ਨੰਬਰ 113 ਤੀਕ, ਫਿਰ ਮਕਾਨ ਨੰਬਰ 113 ਤੋਂ ਲੈ ਕੇ ਮਕਾਨ ਨੰਬਰ 353 ਤੀਕ, ਫਿਰ ਮਕਾਨ ਨੰਬਰ 353 ਤੋਂ ਲੈ ਕੇ ਮਕਾਨ ਨੰਬਰ 362 ਤੀਕ, ਫਿਰ ਮਕਾਨ ਨੰਬਰ 362 ਤੋਂ ਲੈ ਕੇ ਮਕਾਨ ਨੰਬਰ 324 (ਕਾਰਗਿਲ ਪਾਰਕ) ਤੀਕ, ਫਿਰ ਮਕਾਨ ਨੰਬਰ 324 ਤੋਂ ਕਾਰਗਿਲ ਪਾਰਕ ਦੇ ਨਾਲ-ਨਾਲ ਚਲਦੇ ਹੋਏ ਐਚ.ਆਈ.ਜੀ. ਸੈਕਟਰ-71 ਦੇ ਪੂਰਾ ਵਿੱਚ ਲੈਂਦੇ ਹੋਏ ਕਾਰਗਿਲ ਪਾਰਕ ਬੀ ਰੋਡ ਤੀਕ, ਫਿਰ ਬੀ ਰੋਡ ਤੋਂ ਚਲਦੇ ਹੋਏ ਪ੍ਰਾਚੀਨ ਕਲਾ ਕੇਂਦਰ ਚੌਂਕ ਤੀਕ, ਫਿਰ ਪ੍ਰਾਚੀਨ ਕਲਾ ਕੇਂਦਰ ਤੋਂ ਚਲਦੇ ਹੋਏ ਅਤੇ ਇਸਨੂੰ ਵਾਰਡ ਵਿੱਚ ਲੈਂਦੇ ਹੋਏ ਮਕਾਨ ਨੰਬਰ 3444 ਤੀਕ, ਫਿਰ ਮਕਾਨ ਨੰਬਰ 3444 ਤੋਂ ਲੈ ਕੇ 3456 ਤੀਕ, ਫਿਰ ਮਕਾਨ ਨੰਬਰ 3456 ਤੋਂ ਲੈ ਕੇ ਮਕਾਨ ਨੰਬਰ 3431 ਤੀਕ, ਫਿਰ ਮਕਾਨ ਨੰਬਰ 3431 ਤੋਂ ਲੈ ਕੇ ਮਕਾਨ ਨੰਬਰ 3443 ਤੀਕ, ਫਿਰ ਮਕਾਨ ਨੰਬਰ 3443 ਤੋਂ ਸੈਕਟਰ-71 ਦੀ ਸਬਜੀ ਮੰਡੀ ਗਰਾਉਂਡ ਦੇ ਨਾਲ-ਨਾਲ ਚਲਦੇ ਸੈਕਟਰ 71- 72 ਦੀ ਸੈਕਟਰ ਡਿਵਾਈਡਿੰਗ ਰੋਡ (ਮਕਾਨ ਨੰਬਰ 3396 ਦੀ ਬੈਕ ਸਾਈਡ) ਤੀਕ, ਫਿਰ ਸੈਕਟਰ 71-72 ਦੀ ਸੈਕਟਰ ਡਿਵਾਈਡਿੰਗ ਰੋਡ (ਮਕਾਨ ਨੰਬਰ 3396 ਦੀ ਬੈਕ ਸਾਈਡ) ਤੋਂ ਚਲਦੇ ਹੋਏ ਗੋਦਰੇਜ ਰੋਡ ਦੀਆਂ ਲਾਈਟਾਂ ਤੀਕ, ਗੋਦਰੇਜ ਰੋਡ ਦੀਆਂ ਲਾਈਟਾਂ ਤੋਂ ਚਲਦੇ ਹੋਏ ਬੀ.ਐਸ.ਐਨ.ਐਲ. ਸਰਕਲ ਆਫਿਸ ਫੇਜ਼-8 ਦੀਆਂ ਲਾਈਟਾਂ ਤੀਕ, ਫਿਰ ਬੀ.ਐਸ.ਐਨ.ਐਲ. ਸਰਕਲ ਆਫਿਸ ਫੇਜ਼-8 ਦੀਆਂ ਲਾਈਟਾਂ ਤੋਂ ਚਲਦੇ ਹੋਏ ਪੂਰਾ ਸੈਕਟਰ-72 ਵਾਰਡ ਅੰਦਰ ਲੈਂਦੇ ਹੋਏ ਪੀ.ਟੀ.ਐਲ. ਚੌਂਕ ਤੀਕ, ਅਰਥਾਤ ਜਿੱਥੋਂ ਆਰੰਭ ਕੀਤਾ ਸੀ।

ਸਹੀ/-

ਮਨਜੀਤ ਸਿੰਘ ਬਰਾੜ, ਆਈ.ਏ.ਐਸ.

ਸਕੱਤਰ, ਪੰਜਾਬ ਸਰਕਾਰ

ਸਥਾਨਕ ਸਰਕਾਰ ਵਿਭਾਗ

ਚੰਡੀਗੜ੍ਹ

ਮਿਤੀ 30 ਅਪ੍ਰੈਲ, 2026

3707/5-2026/Pb. Govt. Press, S.A.S. Nagar